# ਗੁਰੂ ਗ੍ਰੰਥ ਸਾਹਿਬ ਵਿਚ ਸਰਬ ਸਾਂਝੀਵਾਲਤਾ ਦਾ ਸੰਕਲਪ

ਰਵਿੰਦਰ ਕੌਰ
ਐਸੋਸੀਏਟ ਪ੍ਰੋਫ਼ੈਸਰ
ਖ਼ਾਲਸਾ ਕਾਲਜ ਫ਼ਾਰ ਵਿਮਨ
ਅੰਮ੍ਰਿਤਸਰ

ਸਮਾਜ ਇਕ ਅਜਿਹੀ ਸਾਰਥਕ ਤੇ ਵਿਸ਼ਾਲ ਇਕਾਈ ਹੈ ਜਿਹੜੀ ਵਿਭਿੰਨ ਲੋਕ ਸਮੂਹਾਂ ਦਾ ਨਿਯਮਬੱਧ ਇੱਕਠ ਹੈ। ਇਹ ਲੋਕ ਸਮੂਹ ਸਮਾਜ ਸਿਰਜਣ ਦਾ ਅਧਾਰ ਵੀ ਹਨ ਤੇ ਸਮਾਜ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਵੀ। ਇਸ ਸਮਾਜ ਜਾਂ ਲੋਕ ਸਮੂਹ ਨੂੰ ਇਕ ਸਭਿਅਕ ਸਾਂਚੇ ਵਿਚ ਢਾਲਣ ਲਈ ਸਮੇਂ-ਸਮੇਂ ਦੈਵੀ ਰੂਹਾਂ ਤੇ ਦੈਵੀ ਗ੍ਰੰਥਾਂ ਦਾ ਜਨਮ ਹੁੰਦਾ ਹੈ। ਇਹ ਦੈਵੀ ਰੂਹਾਂ ਜਾਂ ਦੈਵੀ ਗ੍ਰੰਥ ਜਿੱਥੇ ਸਮਾਜ ਨੂੰ ਸਾਰਥਕ ਦਿਸ਼ਾ ਪ੍ਰਦਾਨ ਕਰਦੇ ਹਨ ਉਥੇ ਸਮਾਜ ਨੂੰ ਸਿਹਤਮੰਦ ਦਸ਼ਾ ਦਾ ਮਾਲਿਕ ਵੀ ਬਣਾਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਅਜਿਹੇ ਹੀ ਮਹਾਨ ਸੋਧਕਾਰਾਂ ਵਿਚੋਂ ਆਪਣੀ ਹੋਂਦ ਸਥਾਪਿਤ ਕਰਦੇ ਹਨ। ਇਸ ਵਿਚ ਸਮਾਜ ਸਿਹਤਮੰਦੀ ਦੇ ਥੰਮ, ਮਾਨਵ ਪ੍ਰੇਮ ਤੇ ਭਾਈਚਾਰੇ ਨੂੰ ਬੜੀ ਜ਼ੁਅੱਰਤਮੰਦੀ ਤੇ ਬੜੀ ਸ਼ਿੱਦਤ ਨਾਲ ਬਿਆਨਿਆ ਗਿਆ ਹੈ। ਇਸ ਵਿਚ ਕੇਵਲ ਮਾਨਵ ਪ੍ਰੇਮ ਤੇ ਭਾਈਚਾਰੇ ਦਾ ਬਖਾਨ ਹੀ ਨਹੀਂ, ਸਗੋਂ ਇਹ ਆਪਣੇ ਆਪ ਵਿਚ ਹੀ ਸਰਬ ਸਾਂਝੀਵਾਲਤਾ ਦੀ ਸਰਵਉੱਚ ਮਿਸਾਲ ਹੈ। "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ"[1] ਨੂੰ ਵਾਸਤਵਿਕਤਾ ਸਹਿਤ ਸਮਰਥਨ ਪ੍ਰਦਾਨ ਕਰਦਾ ਹੈ ਇਹ ਗ੍ਰੰਥ। "ਇਹ ਬਾਣੀ ਸਮੂਹ ਮਨੁੱਖੀ ਜੀਵਾਂ ਨੂੰ ਸੰਬੋਧਿਤ ਹੈ ਤੇ ਇਸ ਵਿਚ ਸਰਬ ਸਾਂਝਾ ਸੰਦੇਸ਼ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰੱਬ ਦੀ ਏਕਤਾ ਦੇ ਸਿਧਾਂਤ ਦੇ ਪ੍ਰਸੰਗ ਵਿਚ ਵਿਚਾਰ ਪੇਸ਼ ਕਰਕੇ ਮਨੁੱਖ ਨੂੰ ਜੋ ਇਕ ਹੀ ਜੋਤਿ ਦਾ ਪ੍ਰਕਾਸ਼ ਹੈ ਦੂਸਰੇ ਮਨੁੱਖ ਨਾਲ ਜੋੜਦੀ ਹੈ।"[2] ਇਸ ਵਿਚ ਸੰਮਿਲਤ ਬੇਦੀ ਜਾਤ ਦੇ ਖੱਤਰੀ ਨਾਨਕ, ਸੈਣ ਨਾਈ, ਕਸਾਈ ਸਧਨਾ, ਰਵਿਦਾਸ ਚਮਾਰ, ਧੰਨਾ ਜੱਟ, ਰਾਮਾਨੰਦ ਪੰਡਿਤ ਅਰਥਾਤ ਵੱਖ-ਵੱਖ ਫਿਰਕਿਆਂ ਨਾਲ ਸੰਬੰਧਿਤ ਬਾਣੀਕਾਰਾਂ ਦੀ ਬਾਣੀ ਤੇ ਇਹਨਾਂ ਦੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਮੂਲੀਅਤ ਇਸ ਵਿਚਲੇ ਮਾਨਵ ਪ੍ਰੇਮ ਤੇ ਭਾਈਚਾਰੇ ਦੇ ਵਿਚਾਰ ਨੂੰ ਪਰਪੱਕਤਾ ਨਾਲ ਉਘਾੜਦੇ ਪ੍ਰਤੀਤ ਹੁੰਦੇ ਹਨ। ਪਰ ਸਾਂਝੀਵਾਲਤਾ ਜਾਂ ਏਕਤਾ ਹੈ ਕੀ? ਗੁਰਬਾਣੀ ਦੇ ਸੰਦਰਭ ਵਿਚ ਵੇਖੀਏ ਤਾਂ ਇਸ ਦੀ ਸੁੰਦਰ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ:-

ਅਵਲਿ ਅਲਹ ਨੂਰੁ ਉਪਾਇਆ

ਕੁਦਰਤਿ ਕੇ ਸਭ ਬੰਦੇ॥

**ਏਕ ਨੂਰ ਤੇ ਸਭੁ ਜਗੁ ਉਪਜਿਆ**

**ਕਉਨ ਭਲੇ ਕੋ ਮੰਦੇ॥**[3]

ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਸਮੁੱਚੀ ਵਿਚਾਰਧਾਰਾ ਸਮਾਜਿਕ ਭਾਈਚਾਰੇ ਤੇ ਮਾਨਵ ਪ੍ਰੇਮ ਦੀ ਹੀ ਗੁਹਾਰ ਲਾਉਂਦੀ ਹੈ। ਪਰ ਇਸ ਮਸਲੇ ਨੂੰ ਉਘਾੜਨ ਦੀ ਲੋੜ ਕਿਉਂ ਪਈ, ਕੀ ਅਵੱਸ਼ਕਤਾ ਸੀ ਕਿ ਸਾਰੇ ਬਾਣੀਕਾਰ ਪ੍ਰਤੱਖ ਜਾਂ ਪ੍ਰੋਖ-ਰੂਪ ਵਿਚ ਇਸ ਸੁਰ ਦੀ ਹੀ ਸ਼ਾਹਦੀ ਭਰਦੇ ਰਹੇ? ਤਾਂ ਇਸਦਾ ਜਵਾਬ ਵੀ ਬਾਣੀ ਦੇ ਅੰਦਰ ਹੀ ਪਿਆ ਹੋਇਆ ਹੈ। ਮੱਧਕਾਲ ਦਾ ਸਮਾਂ ਅਜਿਹਾ ਸਮਾਂ ਸੀ ਜਿਸਨੇ ਇਕ ਪਾਸੇ ਤਾਂ ਸਾਨੂੰ ਰੱਬੀ ਰੂਹਾਂ ਦੀ ਦਾਤ ਦਿੱਤੀ ਪਰ ਨਾਲ ਹੀ ਦੂਸਰੇ ਪਾਸੇ ਅਜਿਹੇ ਦੰਭੀ ਤੇ ਪ੍ਰਤੀਕੂਲ ਹਾਲਾਤਾਂ ਨਾਲ ਵੀ ਵਾਬਸਤਾ ਕਰਾਇਆ ਜਿਸਨੇ ਸਮਾਜ ਦੀਆਂ ਜੜ੍ਹਾਂ ਨੂੰ ਵਲੂੰਧਰ ਕੇ ਰੱਖ ਦਿੱਤਾ। ਜਿਸ ਵਿਚ ਸਮੁੱਚੀ ਲੋਕਾਈ ਨਪੀੜੀ ਗਈ। ਹਾਕਮ ਜਮਾਤ ਨੇ ਆਪਣੇ ਨਵੇਂ ਸਿਧਾਂਤ ਘੜ ਲਏ, ਅਜਿਹੇ ਸਿਧਾਂਤ ਜਿਸ ਵਿਚ ਮਨੁੱਖੀ ਮਾਨਸਿਕਤਾ ਦੋਫਾੜ ਹੋ ਗਈ। ਸਮਾਜ ਆਪਣੇ ਪਰਮ ਲਕਸ਼ ਤੋਂ ਭਟਕ ਗਿਆ ਤੇ ਦੰਭੀ ਸਿਧਾਤਾਂ ਦੇ ਪਿੱਛੇ ਵਹਿ ਤੁਰਿਆ ਜਿਸ ਵਿਚੋਂ ਸਮਾਜਿਕ ਨਾ-ਬਰਾਬਰੀ, ਆਰਥਿਕ ਨਾ ਬਰਾਬਰੀ, ਰਾਜਨੀਤਿਕ ਤਾਨਾਸ਼ਾਹੀ, ਧਾਰਮਿਕ ਪਾਖੰਡਵਾਦ ਆਦਿ ਨੇ ਜਨਮ ਲਿਆ। ਇਸ ਅਣਸੁਖਾਵੇਂ ਮਾਹੌਲ ਵਿਚ ਪਿਸਦੀ ਰਹੀ ਕੇਵਲ ਭੋਲੀ ਭਾਲੀ ਭਾਰਤੀ ਲੋਕਾਈ। ਅਜਿਹੇ ਹਾਲਾਤਾਂ ਦੇ ਮੱਦੇਨਜ਼ਰ ਕਈ ਜੀਉਂਦੀ ਰੂਹ ਵਾਲੀਆਂ ਸ਼ਖਸੀਅਤਾਂ ਦਾ ਅਵਤਾਰ ਹੋਇਆ ਜਿਨ੍ਹਾਂ ਨੇ ਸਮੇਂ ਦਾ ਪਾਸਾ ਪਲਟਣ ਦਾ ਤਹੱਈਆ ਕਰ ਆਪਣੇ ਕਦਮਾਂ ਨੂੰ ਅਜਿਹੀ ਸਕਾਰਾਤਮਕ ਦਿਸ਼ਾ ਵੱਲ ਮੋੜਿਆ, ਜਿਸ ਸਦਕਾ ਮਹਾਨ ਤੇ ਅਨਮੋਲ ਵਿਚਾਰਾਂ ਨਾਲ ਭਰਪੂਰ ਗ੍ਰੰਥਾਂ ਦਾ ਸੰਕਲਨ ਹੋਇਆ, ਜਿਨ੍ਹਾਂ ਵਿਚ ਮਾਨਵ ਨੂੰ ਉਸਦੇ ਪਰਮ ਲਕਸ਼ ਵੱਲ ਮੁੜਨ ਦੀ ਜਾਚ ਦੱਸੀ ਗਈ ਸੀ, ਜਿਸ ਵਿਚ ਉਸਦੇ ਖੁਸ਼ਹਾਲ ਜੀਵਨ ਦਾ ਰਾਜ ਛੁਪਿਆ ਪਿਆ ਸੀ। ਮਾਨਵ ਪ੍ਰੇਮ ਤੇ ਭਾਈਚਾਰੇ ਦੀ ਭਾਵਨਾ ਉਸ ਸਮੇਂ ਦੀ ਵੱਡੀ ਲੋੜ ਵਿਚੋਂ ਹੀ ਉਪਜੇ ਮਹਾਨ ਸੰਕਲਪ ਹਨ, ਜਿਨ੍ਹਾਂ ਦੀ ਭਰਪੂਰ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਖ਼ਾਸਾ ਬਣਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚੋਂ ਉਠਦੀ ਹਰ ਲਹਿਰ ਮਾਨਵ ਪ੍ਰੇਮ ਤੇ ਸਰਬ ਸਾਂਝੀਵਾਲਤਾ ਦਾ ਹੀ ਨਾਅਰਾ ਲਾਉਂਦੀ ਹੈ, ਉਹ ਭਾਵੇਂ ਗੁਰੂ ਸਾਹਿਬਾਨ ਦੀ ਜ਼ੁਬਾਨ ਹੋਵੇ, ਭਾਵੇਂ ਸੰਤਾਂ ਭਗਤਾਂ ਦੀ ਤੇ ਭਾਵੇਂ ਭੱਟਾਂ ਦੀ। ਹਰੇਕ ਦੀ ਪ੍ਰਮੁੱਖ ਸੁਰ ਪ੍ਰੇਮ ਤੇ ਭਾਈਚਾਰੇ ਨੂੰ ਹੀ ਅਮਲੀ ਰੂਪ ਦੇਣਾ ਹੈ।

ਪ੍ਰੇਮ ਇਕ ਕੋਮਲ ਜਿਹਾ ਅਹਿਸਾਸ ਹੈ, ਜਿਹੜਾ ਕਿ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਮੂਲ ਧੁਰਾ ਹੈ। ਪ੍ਰੇਮ ਤੋਂ ਬਿਨਾਂ ਮਨੁੱਖੀ ਹਯਾਤੀ ਤੇਲ ਤੋਂ ਬਿਨ੍ਹਾਂ ਲੈਂਪ ਵਰਗੀ ਹੈ। ਪ੍ਰੇਮ ਜਾਂ ਪਿਆਰ ਦੀ ਭਾਵਨਾ ਹੀ

ਮਨੁੱਖੀ ਮਨ ਨੂੰ ਨਿਰਮਲਤਾ ਤੇ ਵਿਸ਼ਾਲਤਾ ਦਾ ਧਾਰਨੀ ਬਣਾਉਂਦੀ ਹੈ ਤੇ ਇਹੀ ਅਹਿਸਾਸ ਆਪਸੀ ਭਾਈਚਾਰੇ ਦੀ ਨੀਂਹ ਰੱਖਣ ਦਾ ਮੂਲ ਅਧਾਰ ਹੈ। ਪ੍ਰਭੂ ਪ੍ਰਾਪਤੀ ਦੀ ਵੀ ਪਹਿਲੀ ਤੇ ਆਖ਼ਰੀ ਪੌੜੀ ਪ੍ਰੇਮ ਹੀ ਹੈ ਜਿਸਨੂੰ ਪ੍ਰਗਟਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਫ਼ੁਰਮਾਇਆ ਹੈ:-

ਸਾਚੁ ਕਹੁ ਸੁਨ ਲੇਹੁ ਸਭੇ

ਜਿਨੁ ਪ੍ਰੇਮ ਕੀਉ ਤਿਨੁ ਹੀ ਪ੍ਰਭੁ ਪਾਇਓ॥[4]

ਦ੍ਰਿਸ਼ਟਮਾਨ ਸੰਸਾਰ ਸਭ ਉਸ ਕਰਤੇ ਦਾ ਹੀ ਪਾਸਾਰਾ ਹੈ, ਇਸ ਨਾਲ ਪ੍ਰੇਮ ਭਾਵ, ਉਸ ਕਰਤੇ ਨਾਲ ਪ੍ਰੇਮ ਭਾਵ ਦੀ ਨਿਆਈਂ ਹੈ। ਜਦ ਅਜਿਹੇ ਵਿਚਾਰਾਂ ਨਾਲ ਸਾਡਾ ਮਨ ਪੂਰੀ ਤਰ੍ਹਾਂ ਪੀਡਿਆ ਜਾਵੇਗਾ ਤਾਂ ਅਵੱਸ਼ ਇਸ ਵਿਚੋਂ ਸਵੱਛ ਤੇ ਸਿਹਤਮੰਦ ਭਾਈਚਾਰਕ ਭਾਵਨਾ ਦੀ ਉਤਪਤੀ ਹੋਵੇਗੀ। ਮਾਨਵ ਪ੍ਰੇਮ ਦੀ ਮਹੱਤਤਾ "ਆਦਿ ਗ੍ਰੰਥ" ਵਿਚ ਇਸ ਮਿਕਦਾਰ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਪ੍ਰੇਮ ਅੱਗੇ ਸਥੂਲ ਸਰੀਰ ਨੂੰ ਨਕਾਰਿਆ ਗਿਆ ਹੈ ਅਰਥਾਤ ਸਰੀਰ ਨਾਲੋਂ, ਪ੍ਰੇਮ ਭਾਵ ਨੂੰ ਤਰਜੀਹ ਦਿੱਤੀ ਗਈ ਹੈ, ਇਸਦਾ ਹਵਾਲਾ ਨਿਮਨ ਲਿਖਿਤ ਸਤਰਾਂ ਵਿਚੋਂ ਮਿਲਦਾ ਹੈ:-

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥

ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥[5]

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ॥[6]

ਮਾਨਵ ਪ੍ਰੇਮ ਇਕ ਐਸਾ ਆਦਰਸ਼ ਹੈ ਜਿਸਨੂੰ ਆਪਣੇ ਅੰਦਰ ਧਾਰਨ ਕਰਨਾ ਕੋਈ ਸੌਖੀ ਗੱਲ ਨਹੀਂ ਪ੍ਰੰਤੂ "ਆਦਿ ਗ੍ਰੰਥ" ਵਿਚੋਂ ਹੀ ਸਾਨੂੰ ਇਸਦੇ ਧਾਰਨੀ ਬਣਨ ਦੇ ਕਈ ਨੁਕਤੇ ਪ੍ਰਾਪਤ ਹੋ ਜਾਂਦੇ ਹਨ, ਜਿਵੇਂ ਪਹਿਲਾ ਨੁਕਤਾ ਹੈ ਨਾਮ ਸਿਮਰਨ। ਨਾਮ ਸਿਮਰਨ ਸਾਡੇ ਲਈ ਅਧਾਰ ਬਣਦਾ ਹੈ ਪ੍ਰੇਮ ਦੀ ਵਿਸ਼ਾਲਤਾ ਨੂੰ ਆਪਣੇ ਅੰਦਰ ਜਜ਼ਬ ਕਰਨ ਦਾ। ਨਾਮ ਨੂੰ ਰੱਬ ਦੇ ਨਾਮ ਸਿਮਰਨ ਦੇ ਸੰਦਰਭ'ਚ ਸਮਝਿਆ ਜਾਂਦਾ ਹੈ। ਪ੍ਰੰਤੂ ਸਭ ਤੋਂ ਵਧੇਰੇ ਹੈਰਾਨੀਜਨਕ ਤੱਥ ਹੈ ਕਿ ਆਦਿ ਗ੍ਰੰਥ ਵਿਚ 'ਰੱਬ' ਨੂੰ ਕਿਸੇ ਇਕ ਧਰਮ ਜਾਂ ਫ਼ਿਰਕੇ ਨਾਲ ਜੋੜ ਕੇ ਨਹੀਂ ਵਿਖਾਇਆ ਗਿਆ, ਸਗੋਂ ਇਸਨੂੰ ਵਿਸ਼ਾਲ ਅਰਥਾਂ ਵਿਚ ਪੇਸ਼ ਕੀਤਾ ਗਿਆ ਹੈ, ਇਸਦੀ ਸੁੰਦਰ ਮਿਸਾਲ 'ਜਪੁਜੀ ਸਾਹਿਬ' ਬਾਣੀ ਹੈ। ਉਸ ਵਿਚ ਪ੍ਰਸਤੁਤ 'ਅਕਾਲ ਪੁਰਖ' ਜਾਂ 'ਰੱਬ' ਦੀ ਪਰਿਭਾਸ਼ਾ ਅਮੂਰਤ, ਕਾਲ-ਰਹਿਤ, ਸੱਚ ਦਾ ਧਾਰਨੀ, ਸਿਰਜਨਹਾਰ, ਡਰ-ਰਹਿਤ, ਆਦਿ ਗੁਣਾਂ ਦੀ ਅਭੀਵਿਅਕਤੀ ਰਾਹੀਂ ਕੀਤੀ ਗਈ ਹੈ ਜਿਵੇਂ ਕਿ:-

ੴ ਸਤਿਨਾਮੁ

ਕਰਤਾ ਪੁਰਖੁ ਨਿਰਭਉ

ਨਿਰਵੈਰੁ ਅਕਾਲ ਮੂਰਤਿ

ਅਜੂਨੀ ਸੈਭੰ। ਗੁਰਪ੍ਰਸਾਦਿ॥[7]

ਸੱਚੀ ਭਗਤੀ ਜਾਂ ਸੱਚੇ ਪ੍ਰੇਮ ਦੀ ਪ੍ਰਾਪਤੀ ਸੌੜੇ ਵਿਚਾਰਾਂ ਅਰਥਾਤ ਅਜਿਹੇ ਵਿਚਾਰ ਜਿਹੜੇ ਸਾਨੂੰ ਕਿਸੇ ਇਕ ਦਾਇਰੇ ਤੱਕ ਹੀ ਸੀਮਿਤ ਕਰਦੇ ਹਨ, ਨੂੰ ਤਿਆਗ ਕੇ ਹੀ ਕੀਤੀ ਜਾ ਸਕਦੀ ਹੈ। "ਆਦਿ ਗ੍ਰੰਥ" ਵਿਚਲੀ ਵਿਚਾਰਧਾਰਾ ਕੁਦਰਤੀ ਪਾਸਾਰੇ ਵਿਚੋਂ ਉਸਨੂੰ ਵੇਖਣ ਦਾ ਸੰਦੇਸ਼ ਦਿੰਦੀ ਹੈ ਪਰ ਪ੍ਰਕਿਰਤਿਕ ਨਜ਼ਾਰਿਆਂ ਵਿਚੋਂ ਪ੍ਰਭੂ ਦੇ ਦੀਦਾਰ ਲਈ ਪ੍ਰੇਮ ਦਾ ਹੋਣਾ ਲਾਜ਼ਮੀ ਹੈ। ਜਦ ਮਾਨਵ ਕੁਦਰਤ ਤੇ ਕਾਦਰ ਦੀ ਇਕਮਿਕਤਾ ਦੇ ਰੱਹਸ ਨੂੰ ਸਮਝ ਲਵੇਗਾ, ਉਸ ਦਿਨ ਉਸਦਾ ਮਨ ਮਾਨਵ ਪ੍ਰੇਮ ਲਈ ਤਤਪਰ ਹੋ ਉਠੇਗਾ। ਦ੍ਰਿਸ਼ਟਮਾਨ ਪਾਸਾਰੇ ਵਿਚ ਕਾਦਰ ਦੀ ਇਕਮਿਕਤਾ ਨੂੰ ਨਿਮਨਲਿਖਤ ਸਤਰਾਂ ਇਸ ਪ੍ਰਕਾਰ ਪ੍ਰਗਟਾਉਂਦੀਆਂ ਹਨ:-

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥[8]

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥[9]

ਜਦ ਮਾਨਵੀ ਬਿਰਤੀ ਗੁਰਬਾਣੀ ਦੇ ਅਜਿਹੇ ਭਾਵਾਂ ਨੂੰ ਸਮਝ ਅਸਲੀ ਰੂਪ ਵਿਚ ਇਹਨਾਂ ਦੀ ਧਾਰਨੀ ਬਣੇਗੀ ਤਾਂ ਉਸ ਦਿਨ ਭਗਤੀ ਦਾ ਫ਼ਲ ਵੀ ਮਿਲੇਗਾ, ਨਾਮ ਸਿਮਰਨ ਵੀ ਲੇਖੇ ਲਗੇਗਾ ਤੇ ਮਨ ਅਚਨਚੇਤ ਹੀ ਸ਼ਾਂਤੀ ਤੇ ਪ੍ਰੇਮ ਨਾਲ ਭਰਪੂਰ ਹੋ ਜਾਏਗਾ।

ਪਰ ਇਸ ਲੀਹ 'ਤੇ ਤੁਰਨ ਤੋਂ ਪਹਿਲਾਂ ਸਾਡੇ ਸਮਾਜ ਵਿਚਲਾ ਨਕਾਰਾਤਮਕ ਪ੍ਰਬੰਧ ਰਾਹ ਦਾ ਰੋੜਾ ਸਿੱਧ ਹੁੰਦਾ ਹੈ। ਜਿਸ ਵਿਚੋਂ ਜਾਤੀ ਬੰਧਨ ਪ੍ਰਥਮ ਹੈ। ਜਾਤੀ ਬੰਧਨ ਅਜਿਹਾ ਕੋਹੜ ਹੈ ਜਿਸ ਨੇ ਸਮਾਜ ਦੀਆਂ ਜੜ੍ਹਾਂ ਅੰਦਰੋ-ਅੰਦਰ ਖੋਖਲੀਆਂ ਕਰ ਦਿੱਤੀਆਂ ਹਨ। ਇਸ ਜਾਤੀ ਬੰਧਨ ਦਾ ਮਸਲਾ ਕੋਈ ਨਵਾਂ ਨਹੀਂ। ਇਸਦੀਆਂ ਜੜ੍ਹਾਂ ਸਾਡੇ ਇਤਿਹਾਸ ਵਿਚ ਪਈਆਂ ਹਨ। ਜਿਸ ਵਿਚ ਮਨੂੰ ਦੀ ਵਰਗ ਵੰਡ ਦਾ ਜ਼ਿਕਰ ਆਉਂਦਾ ਹੈ। ਅਜਿਹੀ ਵੰਡ ਜਿਹੜੀ ਕਿਸੇ ਨੂੰ ਰੱਬ ਦਾ ਦਰਜਾ ਦੇ ਦਿੰਦੀ ਹੈ ਤੇ ਕਿਸੇ ਨੂੰ ਧਰਤੀ 'ਤੇ ਤੁਰੇ ਜਾਂਦੇ ਕੀੜੇ ਤੋਂ ਵੀ ਹੀਣਾ ਕਰਾਰ ਦੇ ਦਿੰਦੀ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ ਮਨੁੱਖ 'ਮਨੁੱਖ' ਨਾ ਰਹਿ ਕੇ ਕੇਵਲ 'ਜਾਤੀ ਦਾ ਬੰਦਾ' ਬਣ ਕੇ ਰਹਿ ਜਾਂਦਾ ਹੈ। ਇਸ ਵਰਗ ਵੰਡ ਦਾ ਕੋਈ ਇਕ ਰੂਪ ਨਹੀਂ, ਸਗੋਂ ਇਹ ਕਦੇ ਕਿੱਤੇ 'ਤੇ ਅਧਾਰਿਤ, ਵਰਣ 'ਤੇ ਅਧਾਰਤ ਜਾਂ ਨਸਲ 'ਤੇ ਅਧਾਰਿਤ ਵੰਡ ਦੇ ਰੂਪ ਵਿਚ ਸਾਡੇ ਸਨਮੁੱਖ ਹੁੰਦੀ ਹੈ। ਇਸਦਾ ਗ਼ਲਬਾ ਮਨੁੱਖੀ ਸੋਚ ਦੇ

ਘੇਰੇ ਨੂੰ ਸੀਮਿਤ ਕਰ, ਵਡੇਰਿਆਂ ਦੇ ਰਾਹ ਤੋਂ ਮੋੜਦਾ ਹੈ। ਜਦਕਿ ਗੁਰੂ ਸਾਹਿਬਾਨ ਜਾਂ ਸਮੁੱਚੇ "ਆਦਿ ਗ੍ਰੰਥ" ਦੀ ਵਿਚਾਰਧਾਰਾ ਸਾਨੂੰ ਅਜਿਹੇ ਬੰਧਨਾਂ ਨੂੰ ਨਕਾਰਨ ਦੀ ਪ੍ਰੇਰਨਾ ਦਿੰਦੀ ਹੈ। "ਏਕ ਪਿਤਾ ਏਕਸ ਕੇ ਹਮ ਬਾਰਿਕ" ਜਿਹੇ ਸਿਧਾਂਤ ਇਸੇ ਵਿਚਾਰ ਦੀ ਹੀ ਪੁਸ਼ਟੀ ਕਰਦੇ ਹਨ। ਗੁਰੂ ਨਾਨਕ ਸਾਹਿਬ ਨੇ ਸਾਰੀ ਮਨੁੱਖਤਾ ਵਿਚ ਏਕਤਾ ਨੂੰ ਦਰਸਾਇਆ ਹੈ ਤੇ ਇਸ ਜਾਤ-ਪਾਤ ਨੂੰ ਵਿਅਰਥ ਜਾਣ ਕੇ, ਅਮਲਾਂ (ਕਰਮਾਂ) ਨੂੰ ਤਰਜੀਹ ਦਿੱਤੀ ਹੈ। ਜਾਤ-ਪਾਤ ਤਾਂ ਦੰਭੀ ਮਨੁੱਖ ਦੇ ਬਣਾਏ ਹੋਏ ਦੰਭੀ ਸਿਧਾਂਤ ਹਨ। ਜਿਨ੍ਹਾਂ ਦੀ ਮਾਨਤਾ ਕੇਵਲ ਇਸ ਧਰਤੀ ਉਪਰ ਹੀ ਹੋ ਸਕਦੀ ਹੈ, ਰੱਬੀ ਦਰਗਾਹ ਵਿਚ ਨਹੀਂ, ਕਿਉਂਕਿ ਉਥੇ ਅਮਲਾਂ ਦਾ ਹੀ ਨਿਬੇੜਾ ਹੋਣਾ ਹੈ। ਜਾਤੀ ਪਾਤੀ ਦਾ ਬੰਧਨ ਭਾਈਚਾਰੇ ਦੀ ਭਾਵਨਾ ਨੂੰ ਸਥਾਪਿਤ ਕਰਨ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਗੁਰੂ ਨਾਨਕ ਸਾਹਿਬ ਇਸਦੀ ਤੁੱਛ ਹਸਤੀ ਨੂੰ ਪ੍ਰਗਟਾਉਂਦਿਆਂ ਫੁਰਮਾਉਂਦੇ ਹਨ:-

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥[10]

ਅਰਥਾਤ ਜਿਸਦੇ ਕਰਮ ਚੰਗੇ ਹਨ ਉਸੇ ਦੀ ਹੀ ਜਾਤ ਹੈ। "ਆਦਿ ਗ੍ਰੰਥ" ਵਿਚਲੀ ਪ੍ਰੇਰਨਾ ਜਾਂ ਸਿੱਖਿਆ ਮਨੁੱਖੀ ਭਾਈਚਾਰੇ ਨੂੰ ਸਥਾਪਿਤ ਕਰਨ ਲਈ ਇਸ ਜਾਤ ਬੰਧਨ ਨੂੰ ਰੱਦ ਕਰਦੀ ਹੈ। ਗੁਰੂ ਅਰਜਨ ਸਾਹਿਬ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਇਹ ਦੁਨੀਆਂ ਇਕ ਬਗੀਚਾ ਹੈ, ਜਿਸ ਵਿਚ ਤਰ੍ਹਾਂ-ਤਰ੍ਹਾਂ ਦੇ ਫੁੱਲ ਸੋਭ ਰਹੇ ਹਨ, ਜਿਨ੍ਹਾਂ ਦੀ ਪਾਲਣਾ ਪ੍ਰਭੂ ਮਾਲੀ ਦੇ ਰੂਪ ਵਿਚ ਕਰ ਰਿਹਾ ਹੈ। ਸਾਰੀ ਮਾਨਵੀ ਲੋਕਾਈ ਬਰਾਬਰ ਹੈ, ਇਸਦੀ ਪੁਸ਼ਟੀ ਉਹਨਾਂ ਦੀਆਂ ਅਜਿਹੀਆਂ ਤੁਕਾਂ ਕਰਦੀਆਂ ਹਨ:-

ਏਕੁ ਬਗੀਚਾ ਪੇਡ ਘਨ ਕਰਿਆ॥
ਅੰਮ੍ਰਿਤ ਨਾਮੁ ਤਹਾ ਮਹਿ ਫਲਿਆ॥
ਐਸਾ ਕਰਹੁ ਬੀਚਾਰੁ ਗਿਆਨੀ॥
ਜਾ ਤੇ ਪਾਈਐ ਪਦੁ ਨਿਰਬਾਨੀ॥

...............

ਖਬਰਿ ਕਰਤੁ ਹੈ ਪਾਤ ਪਤ ਡਾਲੀ॥[11]

ਪਰ ਜਿੱਥੇ ਗੁਰੂ ਸਾਹਿਬਾਨ ਨੇ ਮਨੁੱਖੀ ਭਾਈਚਾਰੇ ਨੂੰ ਸਥਾਪਿਤ ਕਰਨ ਲਈ ਅਜਿਹੇ ਵਿਚਾਰ ਪੇਸ਼ ਕੀਤੇ ਹਨ ਉੱਥੇ ਉਹਨਾਂ ਬੁਰੀਆਂ ਤਾਕਤਾਂ ਦਾ ਵੀ ਜ਼ਿਕਰ ਕੀਤਾ ਹੈ ਜਿਹੜੀਆਂ ਇਸ ਦੇ ਰਾਹ ਦੀ ਬਾਧਾ ਬਣਦੀਆਂ ਹਨ। ਇਹ ਅਜਿਹੀਆਂ ਤਾਕਤਾਂ ਹਨ ਜਿਹੜੀਆਂ ਧਾਰਮਿਕ ਵਿਚਾਰਾਂ ਨੂੰ ਪ੍ਰਸਾਰਿਤ ਕਰਨ ਦਾ ਜ਼ਿੰਮਾ ਤਾਂ ਲੈਂਦੀਆਂ ਹਨ

ਪਰ ਆਪ ਹੀ ਇਹਨਾਂ ਵਿਚਾਰਾਂ ਨੂੰ ਵਾਸਤਵਿਕ ਤੌਰ ’ਤੇ ਨਹੀਂ ਸਮਝਦੀਆਂ। ਇਹਨਾਂ ਤਾਕਤਾਂ ਵਿਚ ਬ੍ਰਾਹਮਣ, ਕਾਜ਼ੀ, ਜੋਗੀ ਆਦਿ ਆ ਜਾਂਦੇ ਹਨ, ਜਿਨ੍ਹਾਂ ਨੂੰ ਸਮੁੱਚਾ ਗੁਰਮਤਿ ਸਾਹਿਤ ਤਿੱਖੇ ਰੂਪ ਵਿਚ ਭੰਡਦਾ ਹੈ। ਜਿਵੇਂ:-

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥[12]

ਇਹ ਉਹ ਤਾਕਤਾਂ ਹਨ ਜਿਹੜੀਆਂ ਇਨਸਾਨੀਅਤ ਤੇ ਭਾਈਚਾਰੇ ਦਾ ਖ਼ੂਨ ਕਰਦੀਆਂ ਹਨ। ਭਗਤ ਰਵਿਦਾਸ ਨੇ ਸ਼ਾਇਦ ਅਜਿਹੀਆਂ ਸਮਾਜਿਕ ਅਲਾਮਤਾਂ ਨੂੰ ਦੇਖਦੇ ਹੋਏ ਹੀ ‘ਬੇਗ਼ਮਪੁਰੇ’ ਦਾ ਸੁਪਨਾ ਦੇਖਿਆ ਜੋ ਅਜਿਹੇ ਦੰਭੀ ਵਰਤਾਰਿਆਂ ਤੋਂ ਮੁਕਤ ਹੋਵੇਗਾ। “ਓਵਇਰੋਨਇ ਸਿ ਏਨਟਟਿਲਇਦ ੳਲਲ ਟਹਇ ਰਗਿਹਟਸ ੳਨਦ ਡਰਇਏਦੋਮਸ ਸਏਟ ਡੋਰਟਹ ਨਿ ਟਹਸਿ ਦਏਚਲੳਰੳਟੌਨਿਸ ੱਟਿਹੋੁਟ ਦਸਿਟਨਿਚਟੌਨਿ ੋਡ ੳਨੇ ਕਨਿਦ, ਸੁਚਹ ੳਸ ੳ ਰੳਚਏ, ਚੋਲੋੁਰ, ਸਏਣ, ਲੳਨਗੁੳਗਏ, ਰਏਲਗਿੌਨਿ, ਪੋਲਟਿਚਿੳਲ ੋਰ ੋਟਹਇਰ ੋਪਨਿੌਨਿ, ਨੳਟੌਨਿੳਲ ੋਰ ਸੋਚਇਲ ੋਰਗਿਨਿ, ਪਰੋਪਏਰਟੇ, ਬਰਿਟਹ ੋਰ ਸਟੳਟੁਸ.[13] ਪਰ ਇਹ ‘ਬੇਗਮਪੁਰੇ’ ਦਾ ਸੰਕਲਪ ਜਾਂ ਸੁਪਨਾ ਤਾਂ ਹੀ ਸਾਕਾਰ ਹੋ ਸਕਦਾ ਹੈ ਜੇਕਰ ਮਨੁੱਖ ਆਪਣੇ ਨਿੱਜਤਵ ਤੋਂ ਉਪਰ ਉੱਠ ਅਸੀਮਤਾ ਦਾ ਧਾਰਨੀ ਬਣੇ। ਅਜਿਹੀ ਅਸੀਮਤਾ ਜਿਸ ਵਿਚ ਸਬਰ ਦੀ ਭਾਵਨਾ ਹੋਵੇ, ਰੁੱਖਾਂ ਵਰਗਾ ਜੇਰਾ ਹੋਵੇ, ਜਿਸਦਾ ਸਰੀਰ ਧੀਰਜ ਦਾ ਟਿਕਾਣਾ ਹੋਵੇ, ਤੇ ਬੁੱਧੀ ਦੀਵੇ ਦੀ ਨਿਆਈਂ ਰੌਸ਼ਨ ਹੋਵੇ, ਅਜਿਹੀ ਅਸੀਮ ਸ਼ਖ਼ਸੀਅਤ ਹੀ ਭਾਈਚਾਰੇ ਦੀ ਭਾਵਨਾ ਜਾਂ ਭਾਈਚਾਰਕ ਏਕਤਾ ਦਾ ਆਦਰਸ਼ ਸਾਕਾਰ ਕਰ ਸਕਦੀ ਹੈ। ਅਜਿਹੀ ਵਿਸ਼ਵ ਦ੍ਰਿਸ਼ਟੀ ਦਾ ਮਾਲਿਕ ਹੀ ਸੰਸਾਰ ਦੇ, ਮਾਨਵ ਦੇ ਦੁੱਖ, ਪੀੜ ਦਾ ਅਹਿਸਾਸ ਕਰ ਸਕਦਾ ਹੈ ਜਦ ਮਾਨਵ ਅਜਿਹੇ ਨਿੱਜੀ ਗੁਣਾਂ ਦਾ ਧਾਰਨੀ ਬਣ ਜਾਵੇਗਾ ਤਾਂ ਅਵੱਸ਼ ਹੀ ਉਥੇ ਦੰਭ-ਰਹਿਤ, ਸੀਮਾ-ਰਹਿਤ, ਜਾਤ-ਪਾਤ, ਰੰਗ, ਸਮਾਂ, ਸਥਾਨ ਰਹਿਤ ਭਾਈਚਾਰੇ ਦੀ ਸਥਾਪਨਾ ਹੋਵੇਗੀ। ਉਥੇ ਕੇਵਲ ਗੁਣਾਂ ਦੀ ਹੀ ਗੱਲ ਹੋਵੇਗੀ। ਗੁਰਮਤਿ ਵਿਚਲੇ ‘ਸੰਗਤ’ ਤੇ ‘ਪੰਗਤ’ ਦੇ ਸੰਕਲਪ ਇਸ ਜਾਤੀ ਬੰਧਨ ਉਪਰ ਕਰਾਰੀ ਚੋਟ ਕਰਦੇ ਹਨ। ‘ਸੰਗਤ’ ਤੇ ‘ਪੰਗਤ’ ਇਸ ਭਾਈਚਾਰੇ ਦੀ ਸਥਾਪਤੀ ਦੇ ਹੀ ਦੋ ਅਹਿਮ ਥੰਮ੍ਹ ਹਨ।

ਇਸ ਦੇ ਨਾਲ ਹੀ ਮਨੁੱਖੀ ਮਨ ਵਿਚਲੀਆਂ ਅਨੇਕਾਂ ਦੁਬਿਧਾਵਾਂ ਜਾਂ ਲਾਲਸਾਵਾਂ ਜਿਹੜੀਆਂ ਮਾਨਵ ਨੂੰ ਪ੍ਰੇਮ ਤੇ ਭਾਈਚਾਰੇ ਦੇ ਰਾਹ ਤੋਂ ਮੋੜਦੀਆਂ ਹਨ, ਨੂੰ ਬਾਣੀਕਾਰਾਂ ਨੇ ਬੜੀ ਸੁਚੱਜਤਾ ਸਹਿਤ ਰੂਪਮਾਨ ਕੀਤਾ ਹੈ।

ਅਭਿਮਾਨ, ਲਾਲਚ, ਕਾਮ, ਕ੍ਰੋਧ, ਆਦਿ ਅਨੇਕਾਂ ਵਿੰਸਗਤੀਆਂ ਮਨੁੱਖ ਨੂੰ 'ਮਨੁੱਖ' ਸੰਕਲਪ ਨਾਲੋਂ ਤੋੜਦੀਆਂ ਹਨ। ਮਨੁੱਖ ਦਾ ਖੰਡਿਤ ਆਪਾ ਇੰਨ੍ਹਾਂ ਦੀ ਹੀ ਬਦੌਲਤ ਹੈ। ਪਰ ਕੀ ਇਹ ਵਿਸੰਗਤੀਆਂ 'ਸਮੂਹ' ਦੀ ਧਾਰਨਾ ਨੂੰ ਬਣਾਈ ਰੱਖਦੀਆਂ ਹਨ? ਨਹੀਂ, ਕਿਉਂਕਿ ਅਜਿਹੀਆਂ ਅਲਾਮਤਾਂ ਪੈਦਾ ਹੀ ਨਿੱਜਵਾਦੀ ਤੇ ਪਦਾਰਥਵਾਦੀ ਰੱਵਈਏ ਤੋਂ ਹੁੰਦੀਆਂ ਹਨ। ਇਹਨਾਂ ਦੀ ਆੜ੍ਹ ਮਨੁੱਖ ਨੂੰ ਪ੍ਰੇਮ ਤੇ ਭਾਈਚਾਰੇ ਨਾਲੋਂ ਤੋੜ ਨਫ਼ਰਤ ਦੀ ਅੱਗ ਵਿਚ ਝੁਲਸਾ ਦਿੰਦੀ ਹੈ। ਕ੍ਰੋਧ ਦੀ ਅੱਗ ਤਾਂ ਇਨਸਾਨ ਨੂੰ ਹੈਵਾਨ ਬਣਾ ਦਿੰਦੀ ਹੈ। ਇਸੇ ਲਈ ਫ਼ਰੀਦ ਜੀ ਨੇ ਇਸ ਤੋਂ ਬਚਣ ਦਾ ਸੰਦੇਸ਼ ਦਿੰਦਿਆਂ ਫੁਰਮਾਇਆ ਸੀ:-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ॥[14]

ਧਰਮ ਜਿਸਨੇ ਸਾਡਾ ਮਾਰਗ ਦਰਸ਼ਨ ਕਰਨਾ ਹੈ, ਅੱਜ ਉਪਰੋਕਤ ਅਲਾਮਤਾਂ ਦੇ ਕਾਰਨ ਮਾਨਵ ਇਸ ਪ੍ਰਤੀ ਸੰਕੀਰਣ ਦ੍ਰਿਸ਼ਟੀ ਅਪਣਾ ਰਿਹਾ ਹੈ। ਜੇਕਰ ਧਰਮ ਤੋਂ ਹੀ ਮੂੰਹ ਮੋੜਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਪ੍ਰੇਮ, ਭਾਈਚਾਰਾ, ਸਾਂਝੀਵਾਲਤਾ ਆਦਿ ਜਿਹੇ ਅਨਮੋਲ ਵਿਚਾਰ ਕਿਵੇਂ ਪ੍ਰਾਪਤ ਹੋ ਸਕਦੇ ਹਨ। ਮਾਨਵੀ ਬਿਰਤੀ ਵਿਚ ਆਇਆ ਨਿਘਾਰ ਉਸਨੂੰ ਧਰਮ ਨਾਲੋਂ ਤੋੜ ਰਿਹਾ ਹੈ। ਜਿਸ ਕਾਰਨ ਸਮਾਜ ਕੁਰਾਹੇ ਪਿਆ ਹੋਇਆ ਹੈ। ਇਹਨਾਂ ਹਾਲਾਤਾਂ ਅੰਦਰ ਗੁਰੂ ਸਾਹਿਬਾਨ ਦੀਆਂ ਫੁਰਮਾਈਆਂ ਸਤਰਾਂ ਗੌਲਣ ਯੋਗ ਹਨ:-

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥[15]

ਪਰ ਅਜਿਹੇ ਹਾਲਾਤਾਂ ਨੂੰ ਸੁਧਾਰਨ ਹਿਤ 'ਸ਼ਬਦ ਬੀਚਾਰ' ਅਤੀ ਅਵੱਸ਼ਕ ਹੈ ਕਿਉਂਕਿ ਮਨੁੱਖੀ ਭਰਮਾਂ ਦਾ ਨਿਤਾਰਾ ਇਸੇ ਅੰਦਰ ਹੀ ਹੈ।

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥[16]

ਗੁਰਬਾਣੀ ਨੇ ਬਾਰ-ਬਾਰ ਜ਼ੋਰ ਦੇ ਕੇ ਇਹ ਗੱਲ ਦ੍ਰਿੜ ਕਰਾਈ ਹੈ ਕਿ ਸਭ ਲੋਕਾਈ ਇਕਸਮਾਨ ਹੈ। "ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ" ਜਿਹੇ ਵਿਚਾਰ ਮਨੁੱਖ ਨੂੰ ਮਨੁੱਖੀ ਰਸਤੇ ਦਾ ਰਾਹਗੀਰ ਬਣਾਈ ਰੱਖਣ ਲਈ ਵਿਸ਼ੇਸ਼ ਮਦਦਗਾਰ ਹਨ। ਮਾਨਵ ਪ੍ਰੇਮ ਦੀ ਹੋਂਦ ਹੀ ਭਾਈਚਾਰੇ ਨੂੰ ਜਨਮ ਦੇਵੇਗੀ।

ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ॥
ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ॥[17]

ਜਿੰਨੀ ਦੇਰ ਗੁਰਬਾਣੀ ਦੇ ਉਪਰੋਕਤ ਫੁਰਮਾਨ ਸਾਡੇ ਅੰਦਰ 'ਘਰ' ਨਹੀਂ ਕਰਦੇ ਉਨੀ ਦੇਰ ਭਾਈਚਾਰੇ ਦੇ ਭਾਵ ਤੇ ਮਾਨਵ ਪ੍ਰੇਮ ਪਨਪ ਨਹੀਂ ਸਕਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਮਾਨਵ ਪ੍ਰੇਮ ਦਾ ਪਾਸਾਰਾ ਕਰਨ ਲਈ ਕੁਝ ਅਸੂਲ ਸਾਡੇ ਸਾਹਮਣੇ ਪੇਸ਼ ਕੀਤੇ ਹਨ, ਜਿਹੜੇ ਕਿ ਇਸ ਤਰ੍ਹਾਂ ਹਨ :-

- ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥[18]
- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[19]
- ਹਮ ਨਹੀ ਚੰਗੇ ਬੁਰਾ ਨਹੀ ਕੋਇ॥[20]

ਉਪਰੋਕਤ ਫ਼ੁਰਮਾਨ ਮਾਨਵ ਨੂੰ ਪ੍ਰੇਮ ਦੇ ਰਾਹ ਚੱਲਣ ਲਈ ਉਤਸ਼ਾਹਿਤ ਕਰਦੇ ਹਨ। 'ਗਗਨ ਮਹਿ ਥਾਲੁ ਰਵਿ ਚੰਦੁ ਦੀਪਕ ਬਨੇ'' ਜਿਹੇ ਵਿਚਾਰ ਪ੍ਰਗਟਾ ਕੇ ਜਿੱਥੇ ਗੁਰੂ ਸਾਹਿਬਾਨ ਨੇ ਕਾਦਰ ਨੂੰ ਕੁਦਰਤ ਵਿਚ ਸਮੋ ਦਿੱਤਾ ਤਾਂ ਮਾਨਵ ਵੀ ਉਸ ਕਾਦਰ ਦੀ ਹੀ ਸਿਰਜਨਾ ਹੈ। "ਨਾਨਕ ਨੇ ਸਵੈ ਅਭਿਮਾਨੀ ਨਰ-ਨਾਰੀਆਂ, ਜਿਨ੍ਹਾਂ ਵਿਚ ਆਪਣੇ ਨੇਤਾਵਾਂ ਪ੍ਰਤੀ ਸ਼ਰਧਾ ਹੋਵੇ ਜੋ ਸਭ ਨਾਲ ਬਰਾਬਰੀ ਤੇ ਭਾਈਚਾਰੇ ਵਾਲਾ ਵਿਵਹਾਰ ਕਰ ਸਕਦੇ ਹੋਣ, ਦਾ ਇਕ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ।"[21] ਪ੍ਰਕ੍ਰਿਤੀ ਨਾਲ ਪਿਆਰ, ਮਾਨਵ ਨਾਲ ਪਿਆਰ ਮਾਨਵ ਹੋਣ ਦੀ ਸਹੀ ਨਿਸ਼ਾਨੀ ਹੈ। ਠੀਕ ਹੈ, ਮਾਨਵ ਦੀ ਬੌਧਿਕਤਾ ਨੇ ਬੁਲੰਦੀ ਦੀਆਂ ਸਿਖਰਾਂ ਨੂੰ ਛੋਹਿਆ ਹੈ ਪਰ ਇਹ ਬੁਲੰਦੀ ਉਸਦੇ ਅੰਤਰਮਨ ਨੂੰ ਹਰਾ ਗਈ ਹੈ ਅਰਥਾਤ ਉਸਦਾ ਪਦਾਰਥਕ ਜਗਤ ਤਾਂ ਭਲੇ ਹੀ ਉਚ ਦਰਜੇ ਦਾ ਹੋ ਗਿਆ ਹੈ ਪ੍ਰੰਤੂ ਉਸ ਅੰਦਰਲਾ ਮਨੁੱਖ ਮਰ ਗਿਆ ਹੈ। ਇਸੇ ਲਈ ਉਹ ਮਨੁੱਖ ਨਾਲੋਂ ਜ਼ਿਆਦਾ ਚੀਜ਼ਾਂ ਨਾਲ ਪਿਆਰ ਕਰਨ ਲੱਗ ਪਿਆ। ਇਕੱਲਤਾ ਦਾ ਜੀਵਨ ਉਸ ਨੂੰ ਪਸੰਦ ਹੈ, ਉਸਦੀ ਨਿੱਜਵਾਦੀ ਬਿਰਤੀ ਉਸਨੂੰ ਭਾਈਚਾਰੇ ਤੋਂ ਤੋੜ ਰਹੀ ਹੈ। ਜਦਕਿ ਅਜਿਹੇ ਸਮੇਂ ਗੁਰੂ ਗ੍ਰੰਥ ਸਾਹਿਬ ਵਿਚਲੀ ਵਿਚਾਰਧਾਰਾ ਨੂੰ ਸਮਝਣਾ ਤੇ ਇਸਨੂੰ ਅਮਲੀ ਰੂਪ ਦੇਣਾ ਸਭ ਤੋਂ ਵੱਡੀ ਲੋੜ ਹੈ। ਸਮਾਜ ਵਿਚਲੀਆਂ ਅਲਾਮਤਾਂ ਨੂੰ ਜੜ੍ਹੋਂ ਪੁੱਟਣ ਲਈ ਸਭ ਤੋਂ ਅੱਵਲ ਖ਼ੁਦ ਨੂੰ 'ਸਮੁੱਚਤਾ' ਦੇ ਪ੍ਰਸੰਗ ਵਿਚ ਰੱਖਣਾ ਪਵੇਗਾ। ਹਰੇਕ ਪ੍ਰਾਣੀ ਲਈ 'ਇਕਸਮਾਨ ਦ੍ਰਿਸ਼ਟੀ' ਭਾਈਚਾਰੇ ਦੀ ਮੂਲ ਚੂਲ ਹੈ। ਅਤੇ 'ਭਾਈਚਾਰਾ' ਸਮਾਜ ਦੀ ਹੋਂਦ ਲਈ ਬੇਹੱਦ ਲਾਜ਼ਮੀ ਹੈ ਅਤੇ ਭਾਈਚਾਰੇ ਲਈ 'ਪ੍ਰੇਮ' ਮੁੱਖ ਅਧਾਰ ਬਿੰਦੂ ਹੈ। ਇਸ ਸਭ ਨੂੰ ਸੁਚੱਜਤਾ ਸਹਿਤ ਪੇਸ਼ ਕਰਦਾ ਹੈ 'ਗੁਰੂ ਗ੍ਰੰਥ ਸਾਹਿਬ'।

ਬਾਣੀਕਾਰਾਂ ਨੇ ਅਨੇਕਾਂ ਵਿਭਿੰਨ ਜੁਗਤੀਆਂ ਰਾਹੀਂ ਇਨਾਂ ਪਾਸਾਰਾਂ ਨੂੰ ਖੋਲ੍ਹਿਆ ਹੈ ਤੇ ਇਹਨਾਂ ਦੀ ਸਾਰਥਕਤਾ ਨੂੰ ਪ੍ਰਗਟਾਇਆ ਹੈ। ਆਪਸੀ ਪ੍ਰੇਮ ਤੇ ਭਾਈਚਾਰੇ 'ਤੇ ਅਧਾਰਿਤ ਸਮਾਜ ਦੀ ਸਿਰਜਨਾ ਲਈ ਇਸ ਵਿਚਲੀ

ਵਿਚਾਰਧਾਰਾ ਨੂੰ ਜੀਵਨ ਸ਼ੈਲੀ ਦਾ ਅੰਗ ਬਣਾਉਣਾ ਬੇਹੱਦ ਜ਼ਰੂਰੀ ਹੈ। ਜੇਕਰ ਇਸ ਅੰਦਰਲੇ ਅਸੂਲਾਂ (ਜਿਵੇਂ ਨਿਮਰਤਾ, ਸੰਜਮਤਾ, ਭਰਾਤਰੀਭਾਵ, ਇਕਸਮਾਨ ਦ੍ਰਿਸ਼ਟੀ) ਨੂੰ ਜ਼ਿੰਦਗੀ ਦਾ ਅਧਾਰ ਬਣਾ ਲਿਆ ਜਾਵੇ, ਤਾਂ ਹੀ ਇਕ ਸਾਂਝੇ, ਭੈ ਰਹਿਤ, ਪ੍ਰੇਮ ਭਾਵ 'ਤੇ ਅਧਾਰਿਤ ਸਮਾਜ ਦਾ ਸੁਪਨਾ ਸਾਕਾਰ ਹੋ ਸਕਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਮੁੱਚੇ ਬ੍ਰਹਿਮੰਡ ਨੂੰ ਆਪਣੇ ਕਲੇਵਰ ਵਿਚ ਲੈਣ ਵਾਲੀ, ਕਾਦਰ ਤੇ ਕੁਦਰਤ ਦੀ ਇਕਮਿਕਤਾ ਦਾ ਸੁੰਦਰ ਬਖਾਨ ਕਰਨ ਵਾਲੀ, ਧਰਮਾਂ ਦੀ ਅਨੇਕਤਾ ਵਿਚ ਵੀ ਏਕਤਾ ਦਰਸਾਉਣ ਵਾਲੀ, ਮਾਨਵ ਨੂੰ ਪ੍ਰੇਮ ਤੇ ਭਾਈਚਾਰੇ ਦਾ ਪਾਠ ਪੜ੍ਹਾਉਣ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅੱਜ ਦੀ ਖੰਡ–ਖੰਡ ਹੋ ਚੁੱਕੀ ਮਾਨਸਿਕਤਾ ਨੂੰ ਪੁਨਰ ਸੁਰਜੀਤ ਕਰ ਏਕਤਾ ਦੇ ਸੂਤਰ ਵਿਚ ਪਰੋ, ਸੰਗਠਿਤ ਤੇ ਸਿਹਤਮੰਦ ਮਨੁੱਖੀ ਭਾਈਚਾਰਾ ਉਪਜਾਉਣ ਦੇ ਪੂਰਨ ਸਮੱਰਥ ਹੈ।

# ਹਵਾਲੇ ਟਿੱਪਣੀਆਂ


1. ਆਦਿ ਗ੍ਰੰਥ, ਪੰਨਾ 97
2. ਡਾ. ਇਕਬਾਲ ਕੌਰ, ਘੁਰੁ ਘਰਓਨਟਹ ਸ਼ਓਹਬਿ ਓਨਦ ਇਨਟਏਰ-ਢਓਟਿਹ ੁਨਦਏਰਸਟਓਨਦਨਿਗ ਟੋ ੋਰਲਦ ਫਏਓਚਏ, ਠਹਰਿਦ ਇਨਟਏਰਨਓਟੋਨਿਓਲ ਛੋਨਡਏਰਏਨਚਏ 2003, ਫ-2
3. ਆਦਿ ਗ੍ਰੰਥ, ਪੰਨਾ 1349
4. ਦਸਮ ਗ੍ਰੰਥ, ਪੰਨਾ 14
5. ਆਦਿ ਗ੍ਰੰਥ, ਪੰਨਾ 486
6. ਉਹੀ, ਪੰਨਾ 487
7. ਉਹੀ, ਪੰਨਾ 1
8. ਉਹੀ, ਪੰਨਾ 658
9. ਉਹੀ, ਪੰਨਾ 463
10. ਉਹੀ, ਪੰਨਾ 349
11. ਉਹੀ, ਪੰਨਾ 385
12. ਉਹੀ, ਪੰਨਾ 662
13. ਅਰਟਚਿਲਏ 2 ਉਧਰਿਤ ਗੁਰਸ਼ਰਨਜੀਤ ਸਿੰਘ, ਗੁਰੂ ਨਾਨਕ ਬਾਣੀ ਦਾ ਸਮਾਜ ਸ਼ਾਸਤਰੀ ਪਰਿਪੇਖ, ਪੰਨਾ 51
14. ਆਦਿ ਗ੍ਰੰਥ, ਪੰਨਾ 138
15. ਉਹੀ, ਪੰਨਾ 441
16. ਉਹੀ, ਪੰਨਾ 1198
17. ਉਹੀ, ਪੰਨਾ 425
18. ਉਹੀ, ਪੰਨਾ 470
19. ਉਹੀ, ਪੰਨਾ 62
20. ਉਹੀ, ਪੰਨਾ 728
21. ਧਰ. ਸ਼. ੍ਉਦਹਏ ਖਰਸਿਹਨਓਨਓ, ੍ਏਲਗਿੋਨਿ ਓਨਦ ਛੁਲਟੁਰਏ, ਫ 142